ਵੀਰਵਾਰ
4 , ਮਾਰਚ 2010
21 ਫੱਗਣ ,
ਨਾਨਕਸ਼ਾਹੀ 541

# ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 321,
ਸਾਲ 25
Postal Regd. No.
PB/0007/09-2011

www.ajdiawaaz.com
ਪੰਜਾਬ ਦੀ ਉਮੀਦ
info@ajdiawaaz.com



ਸ਼ਹਿਰ ਤੇ ਆਸ-ਪਾਸ
ਆਈ. ਪੀ. ਐਲ. ਕ੍ਰਿਕਟ ਮੈਚਾਂ 'ਚ ਕੋਈ ਦਿੱਕਤ ਨਹੀਂ 3

ਸੰਪਾਦਕੀ
ਸਿੱਖ-ਤਾਲਿਬਾਨ ਟਕਰਾਅ 4


ਦੇਸ਼ ਦੁਨੀਆਂ
ਲਾਹੌਰ ਦੇ ਮਕਬਰਿਆਂ ਤੋਂ ਉਤਰਿਆ ਸੰਗਮਰਮਰ 8


## ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਅੱਜ ਤੋਂ

**23 ਦਿਨਾਂ ਦੇ ਬਜਟ ਸੈਸ਼ਨ ਵਿਚ 8 ਦਿਨ ਛੁੱਟੀਆਂ ਦੇ ਹੋਣਗੇ ਜਦ ਕਿ 15 ਦਿਨ ਕੰਮਕਾਜ ਹੋਵੇਗਾ**

ਚੰਡੀਗੜ੍ਹ, 3 ਮਾਰਚ (ਹਰੀਸ਼ ਚੰਦਰ ਬਾਗਾਂਵਾਲਾ)-ਤੇਰਵੀਂ ਪੰਜਾਬ ਵਿਧਾਨ ਸਭਾ ਦਾ 9ਵਾਂ ਸੈਸ਼ਨ 4 ਮਾਰਚ ਤੋਂ ਸ਼ੁਰੂ ਹੋ ਕੇ 24 ਮਾਰਚ ਤੱਕ ਚੱਲੇਗਾ। ਇਹ ਜਾਣਕਾਰੀ ਦਿੰਦਿਆਂ ਵਿਧਾਨ ਸਭਾ ਦੇ ਸਕੱਤਰ ਵੇਦ ਪ੍ਰਕਾਸ਼ ਨੇ ਦੱਸਿਆ ਕਿ ਮੌਜੂਦਾ ਬਜਟ ਸੈਸ਼ਨ 4 ਮਾਰਚ ਨੂੰ ਬਾਅਦ ਦੁਪਹਿਰ 2 ਵਜੇ ਰਾਜਪਾਲ ਪੰਜਾਬ ਸ਼ਿਵਰਾਜ ਵੀ. ਪਾਟਿਲ ਦੇ ਭਾਸ਼ਣ ਨਾਲ ਸ਼ੁਰੂ ਹੋਵੇਗਾ ਤੇ 2010-11 ਦਾ ਬਜਟ ਅਨੁਮਾਨ 16 ਮਾਰਚ ਨੂੰ ਪੇਸ਼ ਕੀਤਾ ਜਾਵੇਗਾ। ਸਕੱਤਰ ਅਨੁਸਾਰ 4 ਮਾਰਚ ਨੂੰ ਸ਼ੁਰੂ ਹੋ ਰਹੇ ਇਸ ਸਮਾਗਮ ਵਿਚ 5 ਮਾਰਚ ਨੂੰ ਵਿਛੜੀਆਂ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਪੇਸ਼ ਕੀਤੀ ਜਾਵੇਗੀ। ਇਹ ਸੈਸ਼ਨ ਸਵੇਰ ਦਾ ਹੀ ਹੋਵੇਗਾ। ਇਸ ਤੋਂ ਬਾਅਦ 6 ਤੇ 7 ਮਾਰਚ ਨੂੰ ਛੁੱਟੀ ਰਹੇਗੀ। 8 ਮਾਰਚ ਸੋਮਵਾਰ ਨੂੰ ਸੈਸ਼ਨ ਬਾਅਦ ਦੁਪਹਿਰ 2 ਵਜੇ ਸ਼ੁਰੂ ਹੋਵੇਗਾ, ਜਿਸ ਵਿਚ ਗਵਰਨਰ ਭਾਸ਼ਣ 'ਤੇ ਧੰਨਵਾਦ ਦਾ ਮਤਾ ਪੇਸ਼ ਹੋਵੇਗਾ ਅਤੇ ਬਹਿਸ ਹੋਵੇਗੀ। 9 ਤੇ 10 ਮਾਰਚ ਦੇ ਸਵੇਰ ਵਾਲੇ ਸੈਸ਼ਨਾਂ ਵਿਚ ਵੀ ਰਾਜਪਾਲ ਦੇ ਭਾਸ਼ਣ 'ਤੇ ਬਹਿਸ ਹੋਵੇਗੀ, 11 ਮਾਰਚ ਨੂੰ ਗੈਰ ਸਰਕਾਰੀ ਕੰਮਕਾਜ, ਜਦ ਕਿ 12 ਮਾਰਚ ਨੂੰ ਵਿਧਾਨਿਕ ਕੰਮਕਾਜ ਹੋਵੇਗਾ, 13 ਤੇ 14 ਮਾਰਚ ਨੂੰ ਛੁੱਟੀ ਹੋਵੇਗੀ, 15 ਮਾਰਚ ਨੂੰ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਸਾਲ 2008-09 ਦੀ ਰਿਪੋਰਟ ਅਤੇ ਪੰਜਾਬ ਸਰਕਾਰ ਦੀ 2008-09 ਦੀ ਵਿੱਤੀ ਅਕਾਊਂਟ ਬਾਰੇ ਰਿਪੋਰਟ ਪੇਸ਼ ਕੀਤੀ ਜਾਵੇਗੀ। ਇਨ੍ਹਾਂ ਤੋਂ ਇਲਾਵਾ ਸਾਲ 2009-10 ਦੀਆਂ ਗਰਾਟਾਂ ਦੀਆਂ ਸਪਲੀਮੈਂਟਰੀ ਮੰਗਾਂ ਪੇਸ਼ ਕੀਤੀਆਂ ਜਾਣਗੀਆਂ। ਵੀਰਵਾਰ 16 ਮਾਰਚ ਨੂੰ ਸਾਲ 2010-11 ਦਾ (ਬਾਕੀ ਸਫਾ 2 'ਤੇ)

## ਅਕਾਲੀ ਦਲ ਵਿੱਚ ਵਿਦਰੋਹ ਤੋਂ ਖ਼ੁਫ਼ੀਆ ਏਜੰਸੀਆਂ ਭੰਬਲਭੂਸੇ 'ਚ

ਚੰਡੀਗੜ੍ਹ, 3 ਮਾਰਚ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਵਿੱਚ ਕੁਝ ਅਕਾਲੀ ਵਿਧਾਇਕਾਂ ਵੱਲੋਂ ਸਰਕਾਰ ਦੇ ਖਿਲਾਫ ਵਿਦਰੋਹ ਕਰਨ ਨੂੰ ਲੈ ਕੇ ਅਤੇ ਉਨ੍ਹਾਂ ਵੱਲੋਂ ਕਾਂਗਰਸ ਪਾਰਟੀ ਨਾਲ ਸੰਪਰਕ ਕਰਨ ਨੂੰ ਲੈ ਕੇ ਜੋ ਮੀਡੀਆ ਵਿੱਚ ਆਈਆਂ ਖਬਰਾਂ ਨੂੰ ਲੈ ਕੇ ਖੁਫੀਆ ਏਜੰਸੀਆਂ ਭੰਬਲਭੂਸੇ ਵਿੱਚ ਪਈਆਂ ਹੋਈਆਂ ਹਨ। ਜਦੋਂ ਕਿ ਸਰਕਾਰ ਵੀ ਇਨ੍ਹਾਂ ਖਬਰਾਂ ਨੂੰ ਲੈ ਕੇ ਕਾਫੀ ਗੰਭੀਰ ਹੋਈ ਪਈ ਹੈ। ਅੱਜ ਪੰਜਾਬ ਦੀਆਂ ਅਤੇ ਕੇਂਦਰ ਦੀਆਂ ਖੁਫੀਆ ਏਜੰਸੀਆਂ ਇਨ੍ਹਾਂ ਵਿਧਾਇਕਾਂ ਦੇ ਸ਼੍ਰੋਮਣੀ ਅਕਾਲੀ ਦਲ ਤੋਂ ਬਾਗੀ ਹੋਣ ਦੀਆਂ ਖਬਰਾਂ ਨੂੰ ਲੈ ਕੇ ਪੂਰੀ ਤਰ੍ਹਾਂ ਸਰਗਰਮ ਅਤੇ ਨੱਠ ਭੱਜ ਕਰ ਰਹੀਆਂ ਹਨ ਕਿ ਉਹ ਸਰਕਾਰ ਤੋਂ ਨਰਾਜ਼ ਹਨ। ਕਈ ਖੁਫੀਆ ਏਜੰਸੀਆਂ ਦੇ ਅਧਿਕਾਰੀ ਪੰਜਾਬ ਸਰਕਾਰ ਦੇ ਚੰਡੀਗੜ੍ਹ ਸਥਿਤੀ ਐੱਮ.ਐੱਲ.ਏ. ਹੋਸਟਲ ਅਤੇ ਐੱਮ.ਐੱਲ.ਏ. ਫਲੈਟਸ ਦੇ ਆਲੇ ਦੁਆਲੇ ਚੱਕਰ ਕੱਟਦੇ ਨਜ਼ਰ ਆਏ ਅਤੇ ਆਪਣੇ ਸੰਪਰਕ ਸਾਧਨਾਂ ਨਾਲ ਰਾਬਤਾ ਕਾਇਮ ਕਰਦੇ ਰਹੇ। ਇੱਥੇ ਤੱਕ ਕਿ ਮੀਡੀਆ ਨਾਲ ਵੀ ਸਾਰਾ ਦਿਨ ਅੱਜ ਖੁਫੀਆ ਏਜੰਸੀਆਂ ਨੂੰ ਆਪਣੀ ਪੂਰੀ ਵਾਹ ਲਾਈ। ਉਨ੍ਹਾਂ ਨੇ ਅਕਾਲੀ ਵਿਧਾਇਕਾਂ ਦਾ ਨਾਂਅ ਪਤਾ ਕਰ ਲਈਏ ਜੋ ਸ਼੍ਰੋਮਣੀ ਅਕਾਲੀ ਦਲ ਨਾਲ ਭਾਜਪਾ ਦੀ ਸਾਂਝੀ ਸਰਕਾਰ ਤੋਂ ਖਫਾ ਹਨ ਅਤੇ ਬਾਗੀ ਹੋਣ ਲੱਗੇ ਹਨ। ਇੱਕ ਖੁਫੀਆ ਏਜੰਸੀ ਦੇ ਅਧਿਕਾਰੀ ਨੇ ਇੱਕ ਪੱਤਰਕਾਰ ਤੋਂ ਪੁੱਛਿਆ ਕਿ 6-7 ਵਿਧਾਇਕਾਂ ਦਾ ਨਾਂ ਪਤਾ ਹੈ, ਪਰ ਤੁਸੀਂ 16 ਵਿਧਾਇਕ ਸਰਕਾਰ ਵਿੱਚੋਂ ਹੁਣ ਸਭ ਕੁਝ ਠੀਕ ਠਾਕ ਨਹੀਂ ਹੈ। ਜਿਵੇਂ ਕਿ ਕੱਲ੍ਹ ਹੀ ਸ਼੍ਰੋਮਣੀ ਅਕਾਲੀ ਦਲ ਦੇ ਹਰਿਆਵਲ (ਬਾਕੀ ਸਫਾ 2 'ਤੇ)

## ਅਨਾਜ, ਦਾਲਾਂ ਦੀਆਂ ਕੀਮਤਾਂ 'ਚ ਗਿਰਾਵਟ

**ਨਹੀਂ ਘਟਣਗੀਆਂ ਪੈਟਰੋਲੀਅਮ ਕੀਮਤਾਂ**

ਨਵੀਂ ਦਿੱਲੀ, 3 ਮਾਰਚ (ਵਿਸ਼ਵ ਵਾਰਤਾ)-ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਅੱਜ ਕਿਹਾ ਹੈ ਕਿ ਸਰਕਾਰ ਡੀਜ਼ਲ-ਪੈਟਰੋਲ ਦੀਆਂ ਕੀਮਤਾਂ ਵਿਚ ਵਾਧੇ ਦੇ ਮੁੱਦੇ 'ਤੇ ਸਹਿਯੋਗੀ ਦਲਾਂ ਨਾਲ ਗੱਲਬਾਤ ਕਰੇਗੀ। ਹਾਲਾਂਕਿ ਉਨ੍ਹਾਂ ਨੇ ਇਹ ਵੀ ਸੰਕੇਤ ਦਿੱਤਾ ਕਿ ਮੁੱਲ ਵਾਧਾ ਵਾਪਸ ਲੈਣਾ ਉਸ ਲਈ ਮੁਸ਼ਕਿਲ ਹੋਵੇਗਾ। ਪਾਰਟੀ ਸੂਤਰਾਂ ਨੇ ਦੱਸਿਆ ਕਿ ਤੇਲ ਦੀਆਂ ਕੀਮਤਾਂ ਨੂੰ ਵਾਪਸ ਲਏ ਜਾਣ ਦੀ ਮੰਗ ਵਿਚਾਲੇ ਮੁਖਰਜੀ ਨੇ ਕਾਂਗਰਸੀ ਸਾਂਸਦਾਂ ਦੇ ਨਾਲ ਇਕ ਬੈਠਕ ਵਿਚ ਬਜਟ ਦੀਆਂ ਵਿਸ਼ੇਸ਼ਤਾਵਾਂ ਦੀ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਸਮਝਾਇਆ ਕਿ ਪੈਟਰੋਲੀਅਮ ਉਤਪਾਦਾਂ 'ਤੇ ਵਧਾਈ ਗਈ ਉਤਪਾਦ ਫੀਸ ਵਾਪਸ ਲੈਣੀ ਮੁਸ਼ਕਿਲ ਹੈ। ਵਰਣਨਯੋਗ ਹੈ ਕਿ ਯੂ.ਪੀ.ਏ. ਦੇ ਦੋ ਪ੍ਰਮੁੱਖ ਦਲਾਂ ਤ੍ਰਿਣਮੂਲ ਕਾਂਗਰਸ ਅਤੇ ਡੀ.ਐਮ.ਕੇ. ਨੇ ਬਜਟ ਵਿਚ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਧਾਏ ਜਾਣ ਅਤੇ ਆਪਣਾ ਇਤਰਾਜ਼ ਜਤਾਉਂਦੇ ਹੋਏ ਇਸ ਨੂੰ ਵਾਪਸ ਲਏ ਜਾਣ ਦੀ ਮੰਗ ਕੀਤੀ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵੀ ਕਿਹਾ ਸੀ ਕਿ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਨਹੀਂ ਘਟਾਈਆਂ ਜਾਣਗੀਆਂ। ਪ੍ਰਧਾਨ ਮੰਤਰੀ ਨੇ ਸਪਸ਼ਟ ਕੀਤਾ ਸੀ ਕਿ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਧਣ ਨਾਲ ਮਹਿੰਗਾਈ ਨਹੀਂ ਵਧੇਗੀ। ਉਨ੍ਹਾਂ ਕਿਹਾ ਕਿ ਮਹਿੰਗਾਈ ਦਰ ਪਹਿਲਾਂ ਹੀ ਉਚ ਪੱਧਰ 'ਤੇ ਹੈ ਅਤੇ ਸਰਕਾਰ ਆਮ ਜਨਤਾ ਨੂੰ ਇਸ ਮਹਿੰਗਾਈ ਦੀ ਮਾਰ ਤੋਂ ਬਚਾਉਣ ਲਈ ਕਈ ਤਰ੍ਹਾਂ ਦੇ ਸਖ਼ਤ ਕਦਮ ਚੁੱਕ ਰਹੀ ਹੈ। ਕੇਂਦਰੀ ਖਜ਼ਾਨਾ ਮੰਤਰਾਲੇ ਦੇ ਆਰਥਿਕ ਮਾਮਲਿਆਂ ਦੇ ਵਿਭਾਗ ਵਿੱਚ ਮੁੱਖ ਆਰਥਿਕ ਸਲਾਹਕਾਰ ਨੇ ਖੁਰਾਕੀ ਵਸਤਾਂ ਦੀਆਂ ਕੀਮਤਾਂ ਸਬੰਧੀ ਵਿਸਥਾਰ ਨਾਲ ਵੇਰਵੇ ਦਿੱਤੇ ਹਨ। ਸਲਾਹਕਾਰ ਅਨੁਸਾਰ ਭਾਵੇਂ ਮਹਿੰਗਾਈ ਤੇ ਲਗਾਤਾਰ ਕਾਬੂ ਪਾਉਣਾ ਜ਼ਰੂਰੀ ਹੈ ਪਰ ਅਸੀਂ ਇਸ ਗੱਲ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੇ ਕਿ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਿੱਚ ਪਿਛਲੇ ਕੁੱਝ ਹਫਤਿਆਂ ਤੋਂ ਲਗਾਤਾਰ ਗਿਰਾਵਟ ਜਾਰੀ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ 28 ਨਵੰਬਰ,2009 ਨੂੰ ਖੁਰਾਕੀ ਵਸਤਾਂ ਦੀ ਮਹਿੰਗਾਈ ਦਰ 21.05 ਫੀਸਦੀ ਸੀ ਜੋ 9 ਜਨਵਰੀ, 2010 ਤੱਕ ਘੱਟ ਕੇ 16.81 ਫੀਸਦੀ ਰਹਿ ਗਈ। ਕੁਝ ਬੁਨਿਆਦੀ ਕਾਰਨਾਂ ਕਰਕੇ ਪਿਛਲੇ ਚਾਰ ਹਫਤਿਆਂ ਦੌਰਾਨ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਿੱਚ ਬਹੁਤ ਹੀ ਮਾਮੂਲੀ ਜਿਹਾ ਵਾਧਾ ਹੋਇਆ। ਫ਼ਲਾਂ, ਸਬਜ਼ੀਆਂ, ਦੁੱਧ, ਕਾਫੀ (ਬਾਕੀ ਸਫਾ 2 'ਤੇ)

**ਸਰਨਾ ਵਫ਼ਦ ਸਮੇਤ ਪਾਕਿ ਦੂਤਘਰ 'ਚ ਸਿਆਸੀ ਇੰਚਾਰਜ਼ ਨੂੰ ਮਿਲੇ**

## ਪਾਕਿ ਸਰਕਾਰ ਸਿੱਖਾਂ ਦੀ ਹਿਫ਼ਾਜਤ ਲਈ ਵਚਨਬੱਧ-ਜ਼ੁਲਫੀਕਾਰ

ਨਵੀਂ ਦਿੱਲੀ, 3 ਮਾਰਚ (ਜਸਵੰਤ ਸਿੰਘ ਅਜੀਤ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ, ਦਿੱਲੀ ਦੇ ਸਕੱਤਰ ਜਨਰਲ ਸ. ਹਰਵਿੰਦਰ ਸਿੰਘ ਸਰਨਾ ਦੀ ਅਗਵਾਈ ਵਿੱਚ ਸਿੱਖ ਪਤਵੰਤਿਆਂ ਦੇ ਇੱਕ ਪ੍ਰੀਤਨਿਧੀ ਮੰਡਲ ਨੇ ਇੱਥੇ ਪਾਕਿਸਤਾਨ ਦੇ ਰਾਜਸੀ ਮਾਮਲਿਆਂ ਦੇ ਇੰਚਾਰਜ਼ ਜਨਾਬ ਜ਼ੁਲਫੀਕਾਰ ਗਰਦੇਜੀ ਦੇ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਇੱਕ ਮੰਗ ਪੱਤਰ ਦੇ ਕੇ ਪਾਕਿਸਤਾਨ ਵਿੱਚ ਵੱਸਦੇ ਸਿੱਖਾਂ ਦੇ ਜਾਨ-ਮਾਲ ਦੀ ਸੁਰੱਖਿਆ ਨਿਸ਼ਚਿਤ ਕਰਨ ਦੀ ਮੰਗ ਕੀਤੀ। ਮੁਲਾਕਾਤ ਤੋਂ ਬਾਅਦ ਸ. ਹਰਵਿੰਦਰ ਸਿੰਘ ਸਰਨਾ ਨੇ ਇਸ ਮੁਲਾਕਾਤ ਨੂੰ ਸਦਭਾਵਨਾ-ਪੂਰਨ ਦੱਸਿਆ। ਉਨ੍ਹਾਂ ਦੱਸਿਆ ਕਿ ਪ੍ਰੀਤਨਿਧੀ ਮੰਡਲ ਵੱਲੋਂ ਦਿੱਤੇ ਗਏ ਮੰਗ ਪੱਤਰ ਵਿੱਚ ਕਿਹਾ ਗਿਆ ਹੈ ਕਿ ਜੇ ਪਾਕਿਸਤਾਨ ਸਰਕਾਰ ਪੇਸ਼ਾਵਰ ਆਦਿ ਤਾਲਿਬਾਨ ਦੇ ਪ੍ਰਭਾਵ ਵਾਲੇ ਇਲਾਕਿਆਂ ਵਿੱਚ ਵੱਸਦੇ ਸਿੱਖਾਂ ਦੀ ਸੁਰੱਖਿਆ ਕਰ ਸਕਦੀ ਹੈ ਤਾਂ ਸੁਆਗਤਯੋਗ ਹੈ। ਜੇ ਕਿਸੇ ਕਾਰਨ ਉਸ ਦੇ ਲਈ ਅਜਿਹਾ ਕਰ ਪਾਉਣਾ ਸੰਭਵ ਨਹੀਂ ਹੈ ਤਾਂ ਉਨ੍ਹਾਂ ਇਲਾਕਿਆਂ ਵਿੱਚ ਵੱਸਦੇ ਸਿੱਖਾਂ ਨੂੰ ਨਨਕਾਣਾ ਸਾਹਿਬ ਦੇ ਆਸ-ਪਾਸ ਲਿਆ ਵਸਾਉਣ ਅਤੇ ਆਰਥਿਕ ਪੈਕੇਜ ਦੇਣਾ ਚਾਹੀਦਾ ਹੈ, ਜਿਸ ਨਾਲ ਉਹ ਭੈ-ਰਹਿਤ ਹੋ ਆਪਣਾ ਜੀਵਨ ਅਰੰਭ ਕਰ ਸਕਣ। ਸ. ਸਰਨਾ ਨੇ ਹੋਰ ਦੱਸਿਆ ਕਿ ਉਨ੍ਹਾਂ ਨੇ ਇਹ ਮੰਗ ਵੀ ਕੀਤੀ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ, ਦਿੱਲੀ ਦਾ ਇੱਕ ਪ੍ਰਤੀਨਿਧ ਮੰਡਲ ਤੁਰੰਤ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰੇ, ਉਨ੍ਹਾਂ ਨੂੰ ਪਾਕਿਸਤਾਨ ਵਿੱਚ ਵੱਸਦੇ ਸਿੱਖਾਂ

## ਏਅਰ ਸ਼ੋਅ ਦੌਰਾਨ ਜਹਾਜ਼ ਡਿੱਗਿਆ, ਦੋਵਾਂ ਪਾਇਲਟਾਂ ਦੀ ਮੌਤ

ਹੈਦਰਾਬਾਦ, 3 ਮਾਰਚ (ਵਿਸ਼ਵ ਵਾਰਤਾ)- ਆਂਧਰਾ ਪ੍ਰਦੇਸ਼ ਦੀ ਰਾਜਧਾਨੀ ਹੈਦਰਾਬਾਦ ਵਿਚ ਏਅਰ ਸ਼ੋਅ ਦੌਰਾਨ ਭਾਰਤੀ ਹਵਾਈ ਸੈਨਾ ਦਾ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਬੇਗਮਪੇਟ ਏਅਰਬੇਸ 'ਤੇ ਅੱਜ ਸਵੇਰੇ ਸ਼ੁਰੂ ਹੋਏ ਏਅਰ ਸ਼ੋਅ ਵਿਚ ਕਈ ਮਿਗ ਜਹਾਜ਼ ਹਿੱਸਾ ਲੈ ਰਹੇ ਸਨ। ਇਸ ਦੌਰਾਨ ਭਾਰਤੀ ਹਵਾਈ ਸੈਨਾ ਦਾ 'ਸਾਗਰ ਪਵਨ' ਐਚ.ਜੇ.ਟੀ. 16 ਕਿਰਨ ਟ੍ਰੇਨਰ ਜਹਾਜ਼ ਕਰਤਬ ਦਿਖਾਉਣ ਸਮੇਂ ਬੇਕਾਬੂ ਹੋ ਗਿਆ ਅਤੇ ਬੇਗਮਪੇਟ ਦੇ ਨੇੜੇ ਓਲਡ ਬੋਵਨਪੱਲੀ ਇਲਾਕੇ ਵਿਚ ਸਥਿਤ ਇਕ ਤਿੰਨ ਮੰਜ਼ਿਲ੍ਹਾ ਇਮਾਰਤ 'ਤੇ ਜਾ ਡਿੱਗਿਆ।

ਜਾਣਕਾਰੀ ਅਨੁਸਾਰ ਇਸ ਹਾਦਸੇ ਵਿਚ ਦੋਨਾਂ ਪਾਇਲਟਾਂ ਦੀ ਮੌਤ ਹੋ ਗਈ ਜਦੋਂ ਕਿ ਸੱਤ ਲੋਕ ਹੋਰ ਜ਼ਖ਼ਮੀ ਹੋ ਗਏ। ਜ਼ਿਕਰਯੋਗ ਹੈ ਕਿ ਹਵਾਈ ਸੈਨਾ ਦਾ ਸੂਰਿਆ ਕਿਰਨ ਦਸਤਾ ਦੇਸ਼ ਦੇ ਕਈ ਅਹਿਮ ਮੌਕਿਆਂ ਉਤੇ ਏਅਰ ਸ਼ੋਅ ਕਰਦਾ ਹੈ। ਇਹ ਜਹਾਜ਼ ਇਸੇ ਦਸਤੇ ਦਾ ਸੀ।



## ਹਰਿਆਣਾ ਵਿਧਾਨ ਸਭਾ ਸੈਸ਼ਨ ਭਲਕੇ ਤੋਂ, ਰਹੇਗਾ ਹੰਗਾਮਾ ਭਰਪੂਰ

ਚੰਡੀਗੜ੍ਹ, 3 ਮਾਰਚ (ਹਰੀਸ਼ ਚੰਦਰ ਬਾਗਾਂਵਾਲਾ)-5 ਮਾਰਚ ਨੂੰ ਸ਼ੁਰੂ ਹੋਣ ਵਾਲੇ ਹਰਿਆਣਾ ਵਿਧਾਨ ਸਭਾ ਸੈਸ਼ਨ ਦੇ ਹੰਗਾਮਾ ਭਰਪੂਰ ਹੋਣ ਦੇ ਅਸਾਰ ਹਨ, ਜਿੱਥੇ ਹਰਿਆਣਾ ਜਨ ਹਿੱਤ ਕਾਂਗਰਸ ਦੇ ਪੰਜ ਵਿਧਾਇਕਾਂ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਮੁੱਦਾ ਸੈਸ਼ਨ ਦੌਰਾਨ ਛਾਇਆ ਰਹੇਗਾ, ਉਥੇ ਹੀ ਇਨੈਲੋ ਵੱਲੋਂ ਸਰਕਾਰ ਨੂੰ ਮਹਿੰਗਾਈ ਦੇ ਮੁੱਦੇ 'ਤੇ ਘੇਰਿਆ ਜਾਵੇਗਾ। ਐਲਨਾਬਾਦ ਉਪ ਚੋਣ ਜਿੱਤੀ ਇਨੈਲੋ ਇਹਨੀਂ ਦਿਨੀਂ ਜ਼ਬਰਦਸਤ ਜੋਸ਼ ਵਿੱਚ ਦਿਖਾਈ ਦੇ ਰਹੀ ਹੈ, ਉਥੇ ਹੀ ਚੌਟਾਲਿਆਂ ਤੇ ਸੀ.ਬੀ.ਆਈ. ਵੱਲੋਂ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਤੇ ਮਾਮਲੇ 'ਤੇ ਸਪੀਕਰ ਹਰਮੋਹਿੰਦਰ ਸਿੰਘ ਚੱਠਾ ਵੱਲੋਂ ਦਿੱਤੀ ਮਨਜ਼ੂਰੀ ਦਾ ਮਾਮਲਾ ਵੀ ਸੁਰਖੀਆਂ ਵਿੱਚ ਹੋਵੇਗਾ। 7 ਅਜ਼ਾਦ ਵਿਧਾਇਕਾਂ ਦੇ ਸਮਰੱਥਨ ਨਾਲ ਚੱਲ ਰਹੀ ਹੁੱਡਾ ਸਰਕਾਰ ਵੀ ਸੈਸ਼ਨ ਦੌਰਾਨ ਵਿਰੋਧੀ ਧਿਰ ਨੂੰ ਰਗੜੇ ਲਾਉਣ ਦੀ ਤਿਆਰੀ ਕਰ ਰਹੀ ਹੈ। ਅੱਜ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਵਿਧਾਇਕ ਦਲ ਦੀ ਹੰਗਾਮੀ ਮੀਟਿੰਗ ਬੁਲਾ ਕੇ ਸੈਸ਼ਨ ਵਿੱਚ ਵਿਰੋਧੀ ਧਿਰ ਨੂੰ ਘੇਰਨ ਦੀ ਰਣਨੀਤੀ 'ਤੇ ਪਾਰਟੀ ਵਿਧਾਇਕਾਂ ਨਾਲ ਵਿਚਾਰ ਵਟਾਂਦਰਾ ਕੀਤਾ। ਮੰਤਰੀ ਤੇ ਸੰਸਦੀ ਸਕੱਤਰ ਦੇ ਅਹੁਦਿਆਂ ਨਾਲ ਨਿਵਾਜੇ ਜਾ ਚੁੱਕੇ ਅਜ਼ਾਦ ਵਿਧਾਇਕ ਚੌਟਾਲਿਆਂ ਤੇ ਤਿੱਖੇ ਹਮਲੇ ਕਰਨ ਦੀ ਯੋਜਨਾ ਬਣਾ ਰਹੇ ਹਨ। ਅਜ਼ਾਦ ਵਿਧਾਇਕਾਂ ਵਿੱਚ ਮੰਤਰੀ ਬਣੇ ਉਮ ਪ੍ਰਕਾਸ਼ ਜੈਨ ਤੇ ਸ਼ਿਵਚਰਨ ਸ਼ਰਮਾ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਨੂੰ ਚੰਗੀ ਭਾਜੀ ਮੋੜਨ ਦੇ ਸਮਰੱਥ ਹਨ। ਹੁਜਕਾ ਸੁਪਰੀਮੋ ਕੁਲਦੀਪ ਬਿਸ਼ਨੋਈ ਵੀ ਸਦਨ ਨੂੰ ਘੇਰਨ ਦਾ ਐਲਾਨ ਕਰ ਚੁੱਕੇ ਹਨ। ਉਨ੍ਹਾਂ ਪੰਜ ਹਲਕਾ ਵਿਧਾਇਕਾਂ ਦੇ ਕਾਂਗਰਸ ਵਿੱਚ ਚਲੇ ਜਾਣ ਦਾ ਮਾਮਲਾ ਸਪੀਕਰ ਕੋਲ ਪਹਿਲਾਂ ਹੀ ਉਠਾਇਆ ਹੋਇਆ ਹੈ। ਹੁਜਕਾਂ ਵਿੱਚ ਕਾਂਗਰਸ 'ਚੋਂ ਆਏ ਵਿਧਾਇਕਾਂ 'ਤੇ ਤਿੱਖੇ ਹਮਲੇ ਹੋਣ ਦੇ ਅਸਾਰ ਹਨ। ਸਿਆਸੀ ਹਲਚਲ ਨੂੰ ਦੇਖਦਿਆਂ ਹਰਿਆਣਾ ਦਾ ਬੱਜਟ ਸੈਸ਼ਨ ਹੰਗਾਮਿਆਂ ਭਰਪੂਰ ਹੋਣ ਦੀ ਉਮੀਦ ਹੈ।

## ਜਿਹੜਾ ਸਿੱਖ ਪੁੱਤ ਕੇਸ ਨਹੀ ਕਟਵਾਏਗਾ ਗੁਰੂ ਗੋਬਿੰਦ ਸਿੰਘ ਦੀਆਂ ਖੁਸ਼ੀਆਂ ਮਾਣੇਗਾ-ਜਥੇ: ਬਲਦੇਵ ਸਿੰਘ

**41ਵੇਂ ਗੇੜ ਦੌਰਾਨ 470 ਪ੍ਰਾਣੀਆਂ ਵੱਲੋਂ ਅੰਮ੍ਰਿਤਪਾਨ**

ਲੁਧਿਆਣਾ 3 ਮਾਰਚ (ਰਾਜ ਜੋਸ਼ੀ)-ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਸਿੱਖੀ ਦੇ ਪ੍ਰਚਾਰ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਆਰੰਭ ਕੀਤੀ ਗਈ ਧਰਮ ਪ੍ਰਚਾਰ ਲਹਿਰ ਅਤੇ ਸਿੱਖ ਵਿਰਸਾ ਸੰਭਾਲ ਮੁਹਿੰਮ ਵਲੋਂ ਹਰ ਪਿੰਡ ਅਤੇ ਹਰ ਘਰ ਪਹੁੰਚ ਕੀਤੀ ਜਾ ਰਹੀ ਹੈ ਅਤੇ ਨੌਜਵਾਨਾਂ ਦੇ ਕੇਸ ਰਖਵਾ ਕੇ ਵਿਰਸੇ ਨਾਲ ਜੋੜਨ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਅਖੰਡ ਕੀਰਤਨੀ ਜਥਾ ਇੰਟਰਨੈਸਨਲ ਅਤੇ ਧਰਮ ਪ੍ਰਚਾਰ ਦੇ ਮੁਖੀ ਜਥੇਦਾਰ ਬਲਦੇਵ ਸਿੰਘ ਨੇ 41ਵੇਂ ਗੇੜ ਦੀ ਧਰਮ ਪ੍ਰਚਾਰ ਵਹੀਰ ਦੇ ਮੁਖ ਸਮਾਗਮ ਪਿੰਡ ਥਰੀਕੇ (ਲੁਧਿਆਣਾ) ਵਿਖੇ ਹਾਜ਼ਰ ਸੰਗਤਾਂ ਦੇ ਵਿਸ਼ਾਲ ਇੱਕਠ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੀ ਮੁਬਾਰਕ ਧਾਰਮਿਕ ਸੋਚ ਸਦਕਾ ਧਰਮ ਪ੍ਰਚਾਰ ਲਹਿਰ ਵਲੋਂ ਪਿਛਲੇ ਚਾਰ ਸਾਲਾਂ 'ਚ ਮੁਕਤਸਰ, ਬਠਿੰਡਾ, ਫਿਰੋਜਪੁਰ, ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਝਬਾਲ, ਦਿੱਲੀ ਅਤੇ ਹੁਣ ਲੁਧਿਆਣੇ 'ਚ ਗੁਰਮਤਿ (ਬਾਕੀ ਸਫਾ 2 'ਤੇ)



## ਅਪ੍ਰੈਲ 2010 'ਚ ਹੋਵੇਗਾ ਕੌਮਾਂਤਰੀ ਪੱਧਰ ਦਾ ਕਬੱਡੀ ਟੂਰਨਾਮੈਂਟ -ਸੁਖਬੀਰ

ਚੰਡੀਗੜ੍ਹ 3 ਮਾਰਚ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਦੇ ਉਪ ਮੁੱਖ ਮੰਤਰੀ ਸ੍ਰ ਸੁਖਬੀਰ ਸਿੰਘ ਬਾਦਲ ਨੇ ਨੌਜਵਾਨਾਂ ਵਿੱਚ ਖੇਡ ਰੁਚੀ ਪੈਦਾ ਕਰਨ ਅਤੇ ਪੰਜਾਬ ਦੀ ਹਰਮਨ ਪਿਆਰੀ ਖੇਡ ਕਬੱਡੀ ਨੂੰ ਉਤਸ਼ਾਹਤ ਕਰਨ ਦੇ ਮਕਸ਼ਦ ਨਾਲ ਅਪ੍ਰੈਲ 2010 ਦੌਰਾਨ ਰਾਜ ਦੇ ਵੱਖ ਵੱਖ ਜਿਲਿਆਂ ਵਿਚ ਅੰਤਰਰਾਸ਼ਟਰੀ ਪੱਧਰ ਦਾ ਕਬੱਡੀ ਟੂਰਨਾਮੈਂਟ ਕਰਵਾਉਣ ਦਾ ਫੈਸਲਾ ਕੀਤਾ ਹੈ ਅਤੇ ਇਸ ਕਬੱਡੀ ਟੂਰਨਾਮੈਂਟ ਵਿਚ ਵੱਖ ਵੱਖ ਦੇਸ਼ਾਂ ਦੀਆਂ 10 ਟੀਮਾਂ ਹਿੱਸਾ ਲੈ ਰਹੀਆਂ ਹਨ। ਇਸ ਗੱਲ ਦਾ ਪ੍ਰਗਟਾਵਾ ਅੱਜ ਇਥੇ ਸ੍ਰੀ ਗੁਰਪ੍ਰੀਤ ਸਿੰਘ ਰਾਜੂ ਖੰਨਾ ਚੇਅਰਮੈਨ ਯੂਥ ਡਿਵੈਲਪਮੈਂਟ ਬੋਰਡ ਪੰਜਾਬ ਨੇ ਬੋਰਡ ਦੀ ਇਕ ਵਿਸ਼ੇਸ਼ ਮੀਟਿੰਗ ਦੀ ਪ੍ਰਧਾਨਗੀ ਕਰਦੀਆਂ ਕੀਤਾ। ਸ੍ਰੀ ਰਾਜੂ ਖੰਨਾ ਨੇ ਦੱਸਿਆ ਕਿ ਪਹਿਲੇ ਸਥਾਨ ਤੇ ਆਉਣ ਵਾਲੀ ਕਬੱਡੀ ਟੀਮ ਨੂੰ ਇਕ ਕਰੋੜ ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ ਜਦਕਿ ਦੂਜੇ ਨੰਬਰ ਤੇ ਆਉਣ ਵਾਲੀ ਟੀਮ ਨੂੰ 50 ਲੱਖ ਰੁਪਏ ਅਤੇ ਤੀਜੇ ਸਥਾਨ ਤੇ ਆਉਣ ਵਾਲੀ ਟੀਮ ਨੂੰ 25 ਲੱਖ ਰੁਪਏ ਦਾ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ (ਬਾਕੀ ਸਫਾ 2 'ਤੇ)



**ਹਾਕੀ ਵਰਲਡ ਕੱਪ**

## ਜਰਮਨ ਨੇ ਕੈਨੇਡਾ ਨੂੰ 6-0 ਨਾਲ ਹਰਾਇਆ

ਨਵੀਂ ਦਿੱਲੀ/ਜਲੰਧਰ, 3 ਮਾਰਚ (ਕਮਲਜੀਤ ਥਾਬਲਕੇ)-ਵਰਲਡ ਕੱਪ 'ਚ ਖਿਤਾਬੀ ਹੈਟ-ਟ੍ਰਿਕ ਦੇ ਇਰਾਦੇ ਨਾਲ ਆਈ ਜਰਮਨੀ ਦੀ ਟੀਮ ਨੇ ਬੁੱਧਵਾਰ ਨੂੰ ਨੈਸ਼ਨਲ ਸਟੇਡੀਅਮ 'ਚ ਖੇਡੇ ਗਏ ਗਰੁੱਪ ਏ ਦੇ ਆਪਣੇ ਦੂਸਰੇ ਮੁਕਾਬਲੇ 'ਚ ਕੈਨੇਡਾ ਨੂੰ 6-0 ਨਾਲ ਹਰਾ ਦਿੱਤਾ। ਵਰਲੱਡ ਕੱਪ 'ਚ ਜਰਮਨ ਦੀ ਇਹ ਹੁਣ ਤੱਕ ਦੀ ਦੂਸਰੀ ਸਭ ਤੋਂ ਵੱਡੀ ਜਿੱਤ ਹੈ। 1978 'ਚ ਉਸ ਨੇ ਭਾਰਤੀ ਟੀਮ ਨੂੰ 7-0 ਦੇ ਭਾਰੀ ਫਰਕ ਨਾਲ ਹਰਾਇਆ ਸੀ। ਕੈਨੇਡਾ ਨੂੰ ਵਰਲਡ ਕੱਪ 'ਚ ਹੁਣ ਤੱਕ ਦੀ ਸਭ ਤੋਂ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਪਹਿਲੇ ਹਾਫ਼ ਤੱਕ ਜਰਮਨ ਟੀਮ ਨੇ 4-0 ਦੀ ਬੜਤ ਕਾਇਮ ਕਰ ਲਈ ਸੀ। ਜਰਮਨ ਦੇ ਲਈ ਬੇਂਜਾਮਿਨ ਵੇ (ਬਾਕੀ ਸਫਾ 2 'ਤੇ)



## ਉਤਰ ਪ੍ਰਦੇਸ਼ 'ਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ 7 ਮੌਤਾਂ

ਬੁਲੰਦਸ਼ਹਿਰ, 3 ਮਾਰਚ (ਵਿਸ਼ਵ ਵਾਰਤਾ)-ਬੁਲੰਦਸ਼ਹਿਰ ਜ਼ਿਲ੍ਹੇ ਵਿਚ ਇਕ ਭੱਠੇ 'ਤੇ ਕੰਮ ਕਰ ਵਾਲੇ 7 ਮਜ਼ਦੂਰਾਂ ਦੀ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮੌਤ ਹੋ ਗਈ ਹੈ, ਜਦੋਂ ਕਿ ਦੋ ਦੀ ਹਾਲਤ ਗੰਭੀਰ ਬਣੀ ਹੋਈ ਹੈ। ਪੁਲਿਸ ਅਧਿਕਾਰੀਆਂ ਨੇ ਇਸ ਘਟਨਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੁਲੰਦਸ਼ਹਿਰ ਦੇ ਗ੍ਰਾਮ ਮੀਰਪੁਰ ਵਿਚ ਇਕ ਭੱਠੇ 'ਤੇ ਕੰਮ ਕਰਨ ਵਾਲੇ ਮਜ਼ਦੂਰਾਂ ਨੇ ਮੰਗਲਵਾਰ ਨੂੰ ਹੋਲੀ ਦੇ ਮੌਕੇ 'ਤੇ ਕੱਚੀ ਸ਼ਰਾਬ ਦਾ ਸੇਵਨ ਕੀਤਾ ਸੀ।

## ਸੀ.ਬੀ.ਐਸ.ਈ. ਦੀਆਂ 10ਵੀਂ ਤੇ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ ਸ਼ੁਰੂ

ਨਵੀਂ ਦਿੱਲੀ, 3 ਮਾਰਚ (ਵਿਸ਼ਵ ਵਾਰਤਾ)- ਸੀ.ਬੀ.ਐਸ.ਈ. ਦੀਆਂ 10ਵੀਂ ਅਤੇ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ ਅੱਜ ਤੋਂ ਸ਼ੁਰੂ ਹੋ ਗਈਆਂ। ਇਨ੍ਹਾਂ ਪ੍ਰੀਖਿਆਵਾਂ ਲਈ ਦੇਸ਼ ਭਰ ਵਿਚ ਲਗਪਗ 5300 ਕੇਂਦਰ ਬਣਾਏ ਗਏ ਹਨ। (ਬਾਕੀ ਸਫਾ 2 'ਤੇ)

## ਡੇਰਾ ਪ੍ਰੇਮੀ ਨਾ ਘਰ ਦੇ ਰਹੇ, ਨਾ ਘਾਟ ਦੇ...

ਤਪਾ ਮੰਡੀ, 3 ਮਾਰਚ (ਯਾਦੂ ਭੁੱਲਰ)- ਪਿੱਛਲੇ ਦਿਨੀ ਡੇਰਾ ਸੱਚਾ ਸੌਦਾ ਸਾਧ ਦੇ ਕੇਸ ਨੂੰ ਲੈ ਕੇ ਜੋ ਉਨ੍ਹਾਂ ਦੇ ਪੈਰੋਕਾਰਾਂ ਨੇ ਸਰਕਾਰੀ ਤੇ ਪ੍ਰਾਈਵੇਟ ਅਦਾਰਿਆਂ ਜਾਂ ਬੱਸਾਂ, ਟ੍ਰੇਨਾਂ ਆਦਿ ਦੀ ਸਾੜ ਫੂਕ ਕੀਤੀ ਉਸੇ ਮਾਮਲੇ 'ਚ ਸਰਸਾ ਵਾਲੇ ਬਾਬੇ ਵਲੋਂ ਟੀ. ਵੀ. ਚੈਨਲਾਂ 'ਤੇ ਅਖ਼ਬਾਰਾਂ ਵਿੱਚ ਇਹ ਬਿਆਨ ਦੇਣਾ ਕਿ ਜੋ ਇਹ ਹੁੱਲੜਬਾਜ਼ੀ ਤੇ ਗੁੰਡਾਗਰਦੀ ਹੋਈ ਹੈ ਇਸ ਦਾ ਡੇਰੇ ਨਾਲ ਜਾਂ ਪ੍ਰੇਮੀਆਂ ਨਾਲ ਕੋਈ ਲੈਣ-ਦੇਣ ਨਹੀਂ। ਪਰ ਆਮ ਜਨਤਾ ਜੋ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਹਜੂਮ ਨੂੰ ਅੱਖੀਂ ਦੇਖ ਰਹੀ ਸੀ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਆਦਮੀਂ ਰਾਮ-ਰਹੀਮ ਸਤਿਨਾਮ ਬਾਬਾ ਜੀ ਦੇ ਨਾਂਅ ਲੈ ਕੇ ਨਾਅਰੇ ਲਾ ਰਹੇ ਸਨ ਤੇ ਖੁੱਲ੍ਹੇ ਆਮ ਚਿਲਾ-ਚਿਲਾ ਕੇ ਕਹਿ ਰਹੇ ਸਨ ਕਿ ਸਾਨੂੰ ਸਾਡੇ ਗੁਰੂ ਉਪਰ ਦਰਜ਼ ਕੀਤੇ ਕੇਸ 'ਤੇ ਰੋਸ ਵਜੋਂ ਪੰਜਾਬ ਸਰਕਾਰ ਮੁਰਦਾਬਾਦ ਦੇ ਨਾਅਰੇ ਲਾ ਰਹੇ ਸਨ। ਭਾਵੇਂ ਇਲਾਕੇ ਵਿੱਚ ਫੜੋ-ਫੜਾਈ, ਛਾਪੇਮਾਰੀ ਪੁਲਿਸ ਵਲੋਂ ਜਾਰੀ ਹੈ ਤਕਰੀਬਨ ਤਿੰਨ ਦਰਜ਼ਨ ਦੇ ਕਰੀਬ ਲੋਕਾਂ ਨੂੰ ਇਸ ਕਾਂਡ ਪ੍ਰਤੀ ਗ੍ਰਿਫ਼ਤਾਰ ਕੀਤਾ ਹੈ। ਅਗਾਂਹ ਹੋਰ ਪੁੱਛ-ਪੜਤਾਲ ਕਰ ਰਹੀ ਹੈ। ਪੁਲਿਸ ਦੇ ਉੱਚ ਅਧਿਕਾਰੀ ਨੇ ਦੱਸਿਆ ਕਿ ਕਈ ਇਸ ਕਾਂਡ ਨੂੰ ਕਰਨ ਵਾਲੇ ਮੋਢੀ ਭਾਵੇਂ ਭਗੌੜਾ ਹਨ ਪਰ ਜਲਦੀ ਹੀ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਜਾਵੇਗਾ ਤੇ ਬਣਦੀ ਕਾਨੂੰਨੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ਪਰ ਕਈ ਪ੍ਰੇਮੀ ਜਿੰਨਾ ਨੇ ਆਪਣੇ ਗੁਰੂ ਲਈ ਕਾਨੂੰਨ ਨਾਲ ਪੰਗਾ ਲਿਆ ਤੇ ਸਰਕਾਰੀ ਅਦਾਰਿਆਂ 'ਤੇ ਹਮਲੇ ਕੀਤੇ ਉਹ ਵੀ ਡਾਹਡੇ ਪਛਤਾ ਰਹੇ ਹਨ, ਜਦ ਸੌਦਾ ਬਾਬਾ ਉਨ੍ਹਾਂ ਨੂੰ ਆਪਣੇ ਸ਼ਰਧਾਲੂ ਕਹਿਣ ਤੋਂ ਮੁੱਕਰ ਰਿਹਾ ਹੈ। ਗੱਲਬਾਤ ਕਰਦਿਆਂ ਸਿੰਘ ਸਭਾ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਬਲਵੰਤ ਸਿੰਘ ਨੰਬਰਦਾਰ ਕੇ ਬਲਬੀਰ ਸਿੰਘ ਖੇੜਾ ਤੋਂ ਇਲਾਵਾ ਨਗਰ (ਬਾਕੀ ਸਫਾ 2 'ਤੇ)

## ਅੰਮ੍ਰਿਤਸਰ 'ਚ ਵਿਰਾਸਤ ਮੇਲਾ ਅੱਜ ਤੋਂ

ਅੰਮ੍ਰਿਤਸਰ, 3 ਮਾਰਚ (ਮੋਤਾ ਸਿੰਘ)- ਪੰਜਾਬੀਆਂ ਦੀ ਅਮੀਰ ਵਿਰਾਸਤ ਦੀਆਂ ਬਹੁਮੁੱਲੀ ਖੇਤਰ ਦੀ ਨਾਮਵਰ ਸੰਸਥਾ ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ ਨੇ ਵਿਰਸਾ ਵਿਹਾਰ ਸੁਸਾਇਟੀ ਵੱਲੋਂ ਸੱਭਿਆਚਾਰਕ ਮਾਮਲੇ ਵਿਭਾਗ ਪੰਜਾਬ ਤੇ ਜ਼ਿਲ੍ਹਾ ਪ੍ਰਸ਼ਾਸ਼ਨ ਅੰਮ੍ਰਿਤਸਰ ਦੇ ਸਹਿਯੋਗ ਨਾਲ 4 ਮਾਰਚ ਤੋਂ ਸ਼ੁਰੂ ਹੋ ਰਿਹਾ ਹੈ, ਅੰਮ੍ਰਿਤਸਰ ਵਿਰਾਸਤ ਮੇਲੇ ਵਿੱਚ ਵੱਧ ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ ਹੈ। ਇਸ ਸਬੰਧ ਵਿੱਚ ਇੱਥੋਂ ਜਾਰੀ ਇੱਕ ਬਿਆਨ ਵਿੱਚ ਫਾਊਂਡੇਸ਼ਨ ਆਗੂਆਂ ਭੁਪਿੰਦਰ ਸਿੰਘ ਸੰਧੂ, ਸ਼ਿਵਦੇਵ ਸਿੰਘ ਆਰਟਿਸਟ, ਹਰੀਸ਼ ਕੈਲਾ, ਹਰਜੀਤ ਸਿੰਘ ਰਾਜਾ ਸਾਂਸੀ ਤੇ ਲਾਡੀ ਨਰਿੰਦਰ ਨੇੜਾ ਨੇ ਕਿਹਾ ਕਿ ਅੰਮ੍ਰਿਤਸਰ ਵਿਰਾਸਤ ਮੇਲੇ ਵਿੱਚ ਪੰਜਾਬੀ ਗਾਇਕੀ ਨੂੰ ਟੁੰਬਣ ਵਾਲੀਆਂ ਬਹੁਤ ਸਾਰੀਆਂ ਕਲਾਵਾਂ ਦੀ ਪੇਸ਼ਕਾਰੀ ਹੋ ਰਹੀ ਹੈ ਜੋ ਕਿ ਸਭ ਪੰਜਾਬੀਆਂ ਲਈ ਵੇਖਣ ਤੇ ਮਾਨਣ ਾਵਲੇ ਪਲ ਹੋਣਗੇ। ਉਨ੍ਹਾਂ ਕਿਹਾ ਕਿ ਇਹ ਮੇਲਾ ਭਵਿੱਖ ਪੀੜੀਆਂ ਨੂੰ ਆਪਣੇ ਪਿੱਛੋਕੜ ਨਾਲ ਜੋੜਨ ਲਈ ਇੱਕ ਵੱਡਾ ਉਪਰਾਲਾ ਹੈ, ਜੋ ਨਿਰੰਤਰ ਜਾਰੀ ਰਹਿਣੇ ਚਾਹੀਦੇ ਹਨ। ਇਸ ਲਈ ਅੰਮ੍ਰਿਤਸਰ ਦੇ ਸ਼ਹਿਰੀਆਂ ਤੇ ਪਿੰਡਾਂ-ਕਸਬਿਆਂ ਦੇ ਲੋਕਾਂ ਨੂੰ ਭਰਪੂਰ ਫਾਇਦਾ ਲੈਣਾ ਚਾਹੀਦਾ ਹੈ।

## ਕਾਬੁਲ ਹਮਲਿਆਂ ਦਾ ਨਿਸ਼ਾਨਾ ਭਾਰਤੀ ਨਹੀਂ ਸਨ-ਹੋਲਬਰੁਕ

ਵਾਸ਼ਿੰਗਟਨ, 3 ਮਾਰਚ (ਵਿਸ਼ਵ ਵਾਰਤਾ)- ਕਾਬੁਲ ਵਿਚ ਬੀਤੇ ਦਿਨੀਂ ਹੋਏ ਆਤਮਘਾਤੀ ਹਮਲਿਆਂ ਨੂੰ ਪਾਕਿਸਤਾਨ ਤੋਂ ਸੰਚਾਲਿਤ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਵੱਲੋਂ ਅੰਜ਼ਾਮ ਦਿੱਤੇ ਜਾਣ ਦੇ ਸੰਕੇਤਾਂ ਵਿਚਾਲੇ ਅਮਰੀਕੀ ਦੂਤ ਰਿਚਰਡ ਹੋਲਬਰੁਕ ਨੇ ਕਿਹਾ ਹੈ ਕਿ ਹਮਲੇ ਦਾ ਨਿਸ਼ਾਨਾ ਭਾਰਤੀ ਨਹੀਂ ਸਨ। ਪਾਕਿਸਤਾਨ ਅਤੇ ਅਫਗਾਨਿਸਤਾਨ ਲਈ ਵਿਸ਼ੇਸ਼ ਅਮਰੀਕੀ ਦੂਤ ਰਿਚਰਡ ਹੋਲਬਰੁਕ ਨੇ ਕਿਹਾ ਕਿ ਇਸ ਹਹਮਲੇ ਦੇ ਸਸਬੰਧ ਵਿਚ ਇਸ ਗੱਲ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਭਾਰਤੀ ਇਮਾਰਤਾਂ ਜਿਵੇਂ ਕਿ ਭਾਰਤੀ ਦੂਤ ਘਰ 'ਤੇ ਹਮਲਿਆਂ ਵਰਗਾ ਸੀ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਅਫਗਾਨਿਸਤਾਨ ਵਿਚ ਹੋਏ ਆਤਮਘਾਤੀ ਹਮਲਿਆਂ ਵਿਚ 22 ਲੋਕਾਂ ਦੀ ਮੌਤ ਹੋ ਗਈ ਸੀ, ਜਿਨ੍ਹਾਂ ਵਿਚ 9 ਭਾਰਤੀ ਵੀ ਸਨ। ਇਨ੍ਹਾਂ ਹਮਲਿਆਂ ਵਿਚ ਕਈ ਲੋਕ ਗੰਭੀਰ ਰੂਪ ਨਾਲ ਜ਼ਖ਼ਮੀ ਵੀ ਹੋਏ ਸਨ। ਇਸ ਤੋਂ ਪਹਿਲਾਂ ਅਫਗਾਨਿਸਤਾਨ ਦੇ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਕਿਹਾ ਸੀ ਕਿ ਹਮਲਿਆਂ ਦਾ ਨਿਸ਼ਾਨਾ ਭਾਰਤੀ ਸਨ। ਹਾਲਾਂਕਿ ਅਮਰੀਕੀ ਅਧਿਕਾਰੀਆਂ ਨੇ ਕਿਹਾ ਸੀ ਕਿ ਕਿਸੇ ਵੀ ਸਿੱਟੇ 'ਤੇ ਪਹੁੰਚਣਾ ਹਾਲੇ ਜਲਦਬਾਜ਼ੀ ਹੋਵੇਗੀ। ਹੋਲਬਰੁਕ ਨੇ ਕਿਹਾ ਕਿ ਮੈਂ ਸਮਝਦਾ ਹਾਂ ਕਿ ਕਿਉਂਕਿ ਪਾਕਿਸਤਾਨ ਅਤੇ ਭਾਰਤ ਵਿਚ ਹਰ ਕੋਈ ਇਕ (ਬਾਕੀ ਸਫਾ 2 'ਤੇ)

## ਫੌਜ 'ਚ ਨਵੀਂ ਰੈਜੀਮੈਂਟ ਬਣਾਉਣ ਦੀ ਯੋਜਨਾ ਨਹੀਂ-ਐਂਟਨੀ

ਨਵੀਂ ਦਿੱਲੀ, 3 ਮਾਰਚ (ਵਿਸ਼ਵ ਵਾਰਤਾ)- ਸਰਕਾਰ ਦੀ ਭਾਰਤੀ ਫੌਜ ਵਿਚ ਕੋਈ ਨਵੀਂ ਰੈਜੀਮੈਂਟ ਖੜ੍ਹੀ ਕਰਨ ਦੀ ਕੋਈ ਯੋਜਨਾ ਨਹੀਂ ਹੈ। ਰੱਖਿਆ ਮੰਤਰੀ ਏ.ਕੇ. ਐਂਟਨੀ ਨੇ ਅੱਜ ਰਾਜ ਸਭਾ ਵਿਚ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਮੇਂ ਦੇਸ਼ ਵਿਚ 23 ਇਨਫੈਂਟ੍ਰੀ ਰੈਜੀਮੈਂਟ ਹਨ, ਜਿਨ੍ਹਾਂ ਵਿਚ ਕਰਮਚਾਰੀਆਂ ਦੀ ਗਿਣਤੀ ਅਲੱਗ-ਅਲੱਗ ਹੈ। ਰੇਣੂਬਾਲਾ ਪ੍ਰਧਾਨ ਦੇ ਜਵਾਬ ਵਿਚ ਐਂਟਲੀ ਨੇ ਕਿਹਾ ਕਿ ਸਾਲ 2006-07 ਤੋਂ 2008-09 ਦੇ ਦੌਰਾਨ ਭਾਰਤੀ ਫੌਜ ਵਿਚ ਉੜੀਸਾ ਤੋਂ 2311 ਵਿਅਕਤੀ ਭਰਤੀ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਉੜੀਸਾ ਦੇ ਲੋਕ ਕਾਫੀ ਸਮੇਂ ਤੋਂ ਉਥੇ ਕਲਿੰਗ ਰੈਜੀਮੈਂਟ ਦੀ ਸਥਾਪਨਾ ਦੀ ਮੰਗ ਕਰ ਰਹੇ ਹਨ।

## ਡੁਬਈ ਜਾਣ ਦੇ ਚਾਹਵਾਨਾਂ ਲਈ ਜਲੰਧਰ ਵਿੱਚ ਡੁਬਈ ਵੀਜ਼ਾ ਕੇਂਦਰ ਖੁੱਲ੍ਹਿਆ

ਜਲੰਧਰ, 3 ਮਾਰਚ (ਹਰਪ੍ਰੀਤ ਸਿੰਘ ਲੇਹਿਲ)-ਡੁਬਈ ਵਿੱਚ ਸੈਰ ਸਪਾਟੇ ਅਤੇ ਥੋੜ੍ਹੇ ਸਮੇਂ ਲਈ ਹੋਰ ਕੰਮਾਂ ਕਾਰਾਂ ਲਈ ਜਾਣ ਵਾਲੇ ਲੋਕਾਂ ਦੀ ਸਹੂਲਤ ਲਈ ਜਲੰਧਰ ਵਿਖੇ ਸਟੇਟ ਬੈਂਕ ਆਫ ਇੰਡੀਆ ਦੀ ਮੁੱਖ ਬਰਾਂਚ ਦੇ ਪਿੱਛੇ ਵਿਜੈ ਟਾਵਰ ਸਿਵਲ ਲਾਈਨਜ਼ ਵਿਖੇ ਵੀਜ਼ਾ ਅਰਜ਼ੀ ਕੇਂਦਰ ਖੋਲ੍ਹਿਆ ਗਿਆ ਹੈ। ਡੁਬਈ ਵੀਜ਼ਾ ਅਤੇ ਮਰਹਬਾ ਸਰਵਿਸਿਜ਼ ਵੱਲੋਂ ਚਲਾਏ ਜਾਣ ਵਾਲੇ ਇਸ ਵੀਜ਼ਾ ਕੇਂਦਰ ਦਾ ਉਦਘਾਟਨ ਇਸ ਕੰਪਨੀ ਦੇ ਉਪ ਪ੍ਰਧਾਨ ਸ੍ਰੀ ਰਵੀ ਬੁੱਧਵਰ ਨੇ ਕੀਤਾ। ਇਸ ਮੌਕੇ ਕੰਪਨੀ ਦੇ ਸਾਰੇ ਸੀਨੀਅਰ ਅਧਿਕਾਰੀ, ਸਟਾਫ ਅਤੇ ਹੋਰ ਪਤਵੰਤੇ ਹਾਜ਼ਰ ਸਨ। ਸ੍ਰੀ ਅਸ਼ੀਸ਼ ਖੰਨਾ ਨੇ ਇਸ ਸੰਬੰਧੀ ਦੱਸਿਆ ਕਿ ਇਸ ਵੀਜ਼ਾ ਕੇਂਦਰ ਵਿੱਚੋਂ ਡੁਬਈ ਅਤੇ ਸ਼ਾਹਰਜਾਹ ਜਾਣ ਵਾਲੇ ਟੂਰੈਸਟਾਂ ਲਈ ਵੀਜ਼ਾ ਸਹੂਲਤ ਦਿੱਤੀ ਜਾਵੇਗੀ। ਇੱਥੋਂ 30 ਦਿਨਾ ਅਤੇ 96 ਦਿਨਾਂ ਦੇ ਵੀਜ਼ੇ ਡੁਬਈ ਲਈ ਅਤੇ 30 ਦਿਨਾ ਦੇ ਵੀਜ਼ੇ ਸ਼ਾਰਹਜਾਹ ਲਈ ਉਪਲੱਬਧ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਵੀਜ਼ਾ ਅਪਲਾਈ ਕਰਨ ਲਈ ਉਚਿਤ ਸਲਾਹ ਅਤੇ ਫਾਰਮ ਆਦਿ ਭਰਨ ਦੀ ਦਸਤਾਵੇਜ਼ੀ ਕਾਰਵਾਈ ਕਰਨ ਦੇ ਨਾਲ-ਨਾਲ ਵਿਦੇਸ਼ ਜਾਣ ਵਾਲਿਆਂ ਲਈ ਵਿਦੇਸ਼ ਵਿੱਚ ਠਹਿਰਣ ਲਈ ਹੋਟਲ, ਹਵਾਈ ਟਿਕਟਾਂ ਅਤੇ ਹਵਾਈ ਜਹਾਜ਼ ਆਦਿ ਦੀ ਸਹੂਲਤ ਉਪਲੱਬਧ ਕਰਵਾਉਣ ਲਈ ਵੀ ਵਿਸ਼ੇਸ਼ ਸੇਵਾਵਾਂ ਦਿੱਤੀਆਂ ਜਾਣਗੀਆਂ।



## ਤੀਸਰੀ ਸੀ.ਟੀ. ਹਾਫ ਮੈਰਾਥਨ 7 ਮਾਰਚ ਨੂੰ

**ਦੇਸ਼ ਵਿਦੇਸ਼ ਦੇ ਪਤਵੰਤੇ, ਖਿਡਾਰੀ, ਗਾਇਕ, ਵਿਦਿਆਰਥੀ ਤੇ ਅਧਿਕਾਰੀ ਲੈਣਗੇ ਭਾਗ**

ਜਲੰਧਰ, 3 ਮਾਰਚ (ਹਰਪ੍ਰੀਤ ਸਿੰਘ ਲੇਹਿਲ, ਸਰਬਜੀਤ ਵਾਲੀਆ)-ਸੀ. ਟੀ. ਗਰੁੱਪ ਆਫ ਇੰਸਟੀਚਿਊਸ਼ਨ ਵੱਲੋਂ ਤੀਜੀ ਸੀ.ਟੀ. ਹਾਫ ਮੈਰਾਥਨ ਦਾ ਆਯੋਜਨ 7 ਮਾਰਚ 2010 ਨੂੰ ਸਵੇਰੇ 6.30 ਵਜੇ ਕੀਤਾ ਜਾਵੇਗਾ, ਜਿਸ ਦਾ ਮਕਸਦ ਸਮਾਜ ਦੇ ਮਹਿਰੂਮ ਵਰਗ ਦੀ ਸਹਾਇਤਾ ਕਰਨਾ ਹੈ ਅਤੇ ਪਿੰਗਲਵਾੜਾ, ਰੈੱਸ ਕਰਾਸ ਵਰਗੀਆਂ ਹੋਰ ਸੰਸਥਾਵਾਂ ਲਈ ਦਾਨ ਇਕੱਠਾ ਕਰਨਾ ਹੈ।ਪੰਜਾਬ ਦੇ ਪ੍ਰਸਿੱਧ ਗਾਇਕ ਸਲੀਮ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਉਹ ਸੀ.ਟੀ. ਗਰੁਪ ਆਫ ਇੰਸਟੀਚਿਊਸ਼ਨ ਦੇ ਇਸ ਉਪਰਾਲੇ ਤੋਂ ਬਹੁਤ ਹੀ ਖੁਸ਼ ਹਨ। ਜਿਵੇਂ ਕਿ ਅੱਜ ਕੱਲ੍ਹ ਮੈਰਾਥਨ ਵੱਡੇ ਸ਼ਹਿਰਾਂ ਅਤੇ ਵਿਦੇਸ਼ਾਂ ਵਿਚ ਆਯੋਜਿਤ ਕੀਤੀ ਜਾਂਦੀ ਹੈ। ਪਰ ਜਲੰਧਰ ਦੇ ਲੋਕਾਂ ਦੀ ਇਹ ਕੋਸ਼ਿਸ਼ ਨਾਲ ਉਹ ਪੂਰੇ ਸੰਸਾਰ ਵਿਚ ਅਗੰਤੂ ਅਤੇ ਮਦਦਗਾਰ ਦੀ ਤਰ੍ਹਾਂ ਜਾਣੇ ਜਾਣਗੇ। ਉਨ੍ਹਾਂ ਕਿਹਾ ਕਿ ਸੰਗੀਤ ਅਤੇ ਖੇਡ ਦੋ ਅਜਿਹੀਆਂ ਚੀਜ਼ਾਂ ਹਨ, ਜਿਨ੍ਹਾਂ ਨੂੰ ਸਾਨੂੰ ਆਪਣੇ ਨੌਜਵਾਨ ਵਿੱਚ ਜ਼ਰੂਰ ਬੜ੍ਹਾਵਾ ਦੇਣਾ ਚਾਹੀਦਾ ਹੈ ਤਾਂ ਕਿ ਉਹ ਤਨ, ਮਨ ਅਤੇ ਆਤਮਾ ਤੋਂ ਅਰੋਗ ਰਹਿ ਸਕਣ। ਉਨ੍ਹਾਂ ਨੇ ਕਿਹਾ ਕਿ ਮੈਂ ਆਯੋਜਕਾਂ ਵੱਲੋਂ ਹਰੇਕ ਪੰਜਾਬੀ ਨੂੰ ਤੀਜੀ ਹਾਫ ਮੈਰਾਥੁਨ ਵਿੱਚ 7 ਮਾਰਚ, ਜੋ ਕਿ ਸੀ.ਟੀ. ਸ਼ਾਹਪੁਰ ਕੈਂਪਸ ਤੋਂ ਸੀ.ਟੀ. ਮਕਸੂਦਾਂ ਕੈਂਪਸ ਤੱਕ 21 ਕਿਲੋਮੀਟਰ ਦਾ ਫਾਸਲਾ ਹੈ। ਇਸ ਵਿੱਚ ਭਾਗ ਲੈਣ ਲਈ ਗੁਜ਼ਾਰਿਸ਼ ਕਰਦਾ ਹਾਂ। ਇਸ ਮੌਕੇ 'ਤੇ ਗਰੁੱਪ ਦੇ ਚੇਅਰਮੈਨ ਸ੍ਰ. ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਸਾਨੂੰ (ਬਾਕੀ ਸਫਾ 2 'ਤੇ)


(ਫੋਟੋ : ਕੁਲਦੀਪ ਸਿੰਘ)


**ਰਾਮਾ ਹੱਡੀਆਂ ਅਤੇ ਜੋੜਾਂ ਦਾ ਹਸਪਤਾਲ**
**ਔਰਥੋ, ਨਿਊਰੋ ਕੇਅਰ ਸੈਂਟਰ**
ਰੀੜ੍ਹ ਦੀ ਹੱਡੀ ਦੀ ਹਰ ਬਿਮਾਰੀ ਅਤੇ (ਰੀੜ੍ਹ ਦੀ ਹੱਡੀ ਦੀ ਇੰਜਰੀ) ਕਮਰ ਦਰਦ, ਸਰਵਾਈਕਲ ਦੇ ਦਰਦਾਂ ਤੇ ਗੋਡਿਆਂ ਅਤੇ ਜੋੜਾਂ ਦੇ ਦਰਦਾਂ ਦਾ ਸਫ਼ਲ ਇਲਾਜ।

ਬਗੈਰ :
- ਅਪ੍ਰੇਸ਼ਨ
- ਬੇਹੋਸ਼ੀ
- ਖਿੱਚ
- ਟੀਕਾ
- ਦਰਦ ਰਹਿਤ

ਪਿਛਲੇ 10 ਸਾਲਾਂ ਤੋਂ (ਦੇਸ਼ -ਵਿਦੇਸ਼) ਦੇ ਮਰੀਜ਼ਾਂ ਦੀ ਸੇਵਾ ਵਿੱਚ।
ਸਹੂਲਤਾਂ : ਵਧੀਆ ਸਟਾਫ਼, ਪਰਾਈਵੇਟ ਰੂਮ, ਜਨਰਲ ਵਾਰਡ, ਬਿਜਲੀ ਅਤੇ ਸਾਫ਼ ਸੁਥਰਾ ਮਾਹੌਲ
ਪਿੰਡ ਨਗਰ, ਨਵਾਂ ਸ਼ਹਿਰ ਰੋਡ, ਨੇੜੇ ਫਿਲੌਰ ਸ਼ਹਿਰ, ਜ਼ਿਲ੍ਹਾ ਜਲੰਧਰ।
ਫੋਨ (H) 01826-238342(M) 98889-20009
ਆਉਣ ਤੋਂ ਪਹਿਲਾਂ ਫੋਨ ਕਰੋ !
(ਹਰ ਐਤਵਾਰ ਹਸਪਤਾਲ ਬੰਦ ਰਹੇਗਾ)
ਸਮਾਂ : ਗਰਮੀਆਂ : ਸਵੇਰੇ 9 ਤੋਂ 2 ਵਜੇ ਸ਼ਾਮ 4 ਤੋਂ 5.30 ਵਜੇ
ਸਰਦੀਆਂ : ਸਵੇਰੇ 9 ਤੋਂ 2 ਵਜੇ ਸ਼ਾਮ 4 ਤੋਂ 5.00 ਵਜੇ
ਫੋਨ (R) 01826-320385, 320291, 645004
For Contact Log in : www.drkulwantramaspinal.com